# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਯਿਸੂ ਅਤੇ ਯੱਕੀ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : Ruth Klassen


ਕਹਾਣੀ 53 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ਼ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi



ਇੱਕ ਦਿਨ ਯਿਸੂ ਯਰੀਹੋ ਦੇ ਵਿੱਚੋਂ ਲੰਘਿਆ। ਬਹੁਤ ਸਮਾਂ ਪਹਿਲਾਂ ਇਹ ਸ਼ਹਿਰ ਯਹੋਸ਼ੁਆ ਦੁਆਰਾ ਤਬਾਹ ਕੀਤਾ ਗਿਆ ਸੀ। ਹੁਣ ਉਹ ਦੁਬਾਰਾ ਬਣਾਇਆ ਗਿਆ ਸੀ ਅਤੇ ਬਹੁਤ ਲੋਕ ਉੱਥੇ ਰਹਿੰਦੇ ਸਨ। ਉਹਨਾਂ ਵਿੱਚ ਇੱਕ ਯੱਕੀ ਨਾਂ ਦਾ ਮਨੁੱਖ ਸੀ।

1



ਸ਼ਾਇਦ ਯਰੀਹੋ ਦੇ ਵਿੱਚ ਹੋਰ ਲੋਕ ਉਸਨੂੰ ਬਹੁਤ ਪਸੰਦ ਨਹੀ ਕਰਦੇ ਸਨ ਕਿਉਂਕਿ ਉਹ ਉਹਨਾਂ ਤੋਂ ਕਰ ਦੇ ਪੈਸੇ ਵਸੂਲਦਾ ਸੀ। ਯੱਕੀ ਕੁਝ ਪੈਸੇ ਸਰਕਾਰ ਨੂੰ ਭੇਜਦਾ ਪਰ ਜਿਆਦਾ ਆਪਣੇ ਕੋਲ ਰੱਖ ਲੈਂਦਾ ਸੀ।

2


ਕਰ ਲੈਣ ਵਾਲਾ ਹੋਣ ਦੇ ਕਾਰਨ ਯੱਕੀ ਬਹੁਤ ਅਮੀਰ ਹੋ ਗਿਆ। ਉਸ ਜੁਗਾ ਤੇ ਉਸ ਦਾ ਘਰ ਸਭ ਤੋਂ ਵੱਡਾ ਅਤੇ ਵਧੀਆ ਹੋਵੇਗਾ।
3
ਪਰ ਉਹ ਬਹੁਤ ਛੋਟਾ ਵੀ ਸੀ – ਪੈਸੇ ਵਿੱਚ ਛੋਟਾ ਨਹੀ, ਪਰ ਕੱਧ ਵਿੱਚ ਛੋਟਾ ਸੀ। ਯੱਕੀ ਬਾਕੀ ਲੋਕਾਂ ਦੇ ਵਾਗੂੰ ਕਦੀ ਵੀ ਵਦਿਆ ਨਹੀ ਸੀ।
4
ਜਦ ਯੱਕੀ ਸੁਣਿਆ ਕੇ ਯਿਸੂ ਯਰੀਹੋ ਵਿੱਚ ਹੈ, ਛੋਟਾ ਕਰ ਲੈਣ ਵਾਲਾ ਨਾਸਰਤ ਦੇ ਉਸ ਮਨੁੱਖ ਨੂੰ ਵੇਖਣਾ ਚਾਹੁੰਦਾ ਸੀ ਜੋ ਆਪਣੇ ਆਪ ਨੂੰ ਪਰਮੇਸ਼ਵਰ ਦਾ ਪੁੱਤਰ ਹੋਣ ਦਾ ਦਾਵਾ ਕਰਦਾ ਸੀ। ਪਰ ਲੰਮੇ ਲੋਕਾਂ ਦੀ ਭੀੜ ਸੰਘਣੀ ਸੀ।
5
ਯੱਕੀ ਨੂੰ ਇੱਕ ਖ਼ਿਆਲ ਆਇਆ! ਜੇਕਰ ਉਹ ਭੀੜ ਤੋਂ ਅੱਗੇ ਲੱਘ ਜਾਵੇ ਅਤੇ ਉਸ ਦਰੱਖ਼ਤ ਤੇ ਚੜ ਜਾਵੇ ਜਿਹੜਾ ਰਾਹ ਦੇ ਲਾਗੇ ਹੈ ... ਤਾਂ ਉਹ ਯਿਸੂ ਨੂੰ ਵੇਖ ਸਕੇਗਾ।
6
ਗੁੱਲਰ ਦੇ ਦਰਖਤ ਉੱਤੇ ਚੜਣ ਤੋਂ ਬਾਅਦ ਯੱਕੀ ਨੇ ਆਰਾਮ ਦਾਇਕ ਟਹਿਣੀ ਲੱਭੀ ਅਤੇ ਉਸ ਉੱਤੇ ਬੈਠ ਕੇ ਯਿਸੂ ਦਾ ਇੰਤਜਾਰ ਕੀਤਾ। ਸ਼ਾਇਦ ਉਸਨੇ ਸੋਚਿਆ ਹੋਣਾ, “ਕਿ ਹੁਣ ਮੈ ਆਰਾਮ ਨਾਲ ਵੇਖ ਸਕਾਂਗਾ। ਮੈਂ ਬਿਨਾਂ ਕਿਸੇ ਪਰੇਸ਼ਾਨੀ ਦੇ ਵੇਖ ਸਕਾਂਗਾ।”
7
“ਹੇ ਯੱਕੀ, ਛੇਤੀ ਕਰ ਅਤੇ ਥੱਲੇ ਉੱਤਰ ਆ।” ਛੋਟੇ ਕਰ ਲੈਣ ਵਾਲੇ ਨੂੰ ਆਪਣੇ ਕੰਨਾਂ ਤੇ ਵਿਸ਼ਵਾਸ਼ ਨਹੀ ਹੋ ਰਿਹਾ ਸੀ। ਯਿਸੂ ਦਰਖ਼ਤ ਦੇ ਥੱਲੇ ਖੜ੍ਹਾ ਹੋ ਗਿਆ। ਯਿਸੂ ਉਸ ਨੂੰ ਦੇਖ ਰਿਹਾ ਸੀ। ਯਿਸੂ ਉਸ ਨੂੰ ਬੁਲਾ ਰਿਹਾ ਸੀ!
8



ਜੇਕਰ ਯੱਕੀ ਹੈਰਾਨ ਹੋਇਆ ਕੇ ਯਿਸੂ ਨੇ ਉਸ ਨੂੰ ਬੁਲਾਇਆ, ਉਹ ਜਰੂਰ ਹੱਕਾ – ਬੱਕਾ ਹੋਇਆ ਹੋਣਾ ਜਦ ਯਿਸੂ ਨੇ ਆਖਿਆ ਸੀ, “ਅੱਜ ਮੈਂ ਜਰੂਰ ਤੇਰੇ ਘਰ ਵਿੱਚ ਰੁਕਾਂਗਾ।” ਯੱਕੀ ਛੇਤੀ ਨਾਲ ਥੱਲੇ ਆ ਗਿਆ ਉਹ ਲਗਭਗ ਡਿੱਗਣ ਵਾਲਾ ਸੀ।

9

ਯੱਕੀ ਉਤੇਜਿਤ ਸੀ ਯਿਸੂ ਉਸ ਦੇ ਘਰ ਆਵੇਗਾ। ਪਰ ਲੋਕਾਂ ਨੂੰ ਇਹ ਪਸੰਦ ਨਹੀ ਆਇਆ। ਉਹਨਾਂ ਨੇ ਸ਼ਿਕਾਇਤ ਕੀਤੀ ਕੀ ਯਿਸੂ ਨੂੰ ਯੱਕੀ ਵਰਗੇ ਪਾਪੀਆਂ ਦੇ ਘਰ ਨਹੀ ਜਾਣਾ ਚਾਹੀਦਾ।



10



ਯਿਸੂ ਯੱਕੀ ਦੇ ਲਈ ਸੰਪੂਰਨ ਨਵੀ ਜਿੰਦਗੀ ਲੈ ਆਇਆ। ਯੱਕੀ ਨੇ ਆਖਿਆ, “ਪ੍ਰਭੂ, ਮੈਂ ਆਪਣਾ ਅੱਧਾ ਧਨ ਗਰੀਬਾਂ ਨੂੰ ਦਿੰਦਾ ਹਾਂ। ਅਤੇ ਜੇਕਰ ਮੈਂ ਕਿਸੇ ਨੂੰ ਧੋਖਾ ਦਿੱਤਾ ਹੈ, ਮੈਂ ਉਸ ਨੂੰ ਚਾਰ ਗੁਣਾ ਵਾਪਸ ਕਰਦਾ ਹਾਂ।”

11

ਯਿਸੂ ਯੱਕੀ ਦੇ ਨਵੇ ਜੀਵਨ ਤੋਂ ਪਰਸੰਨ ਹੋਇਆ। ਉਹ ਵੇਖਣਾ ਪਸੰਦ ਕਰਦਾ ਹੈ ਕੀ ਲੋਕ ਆਪਣੇ ਪਾਪਾਂ ਤੋਂ ਮੁੜਣ ਅਤੇ ਉਹ ਕਰਨ ਜੋ ਸਹੀ ਹੋਵੇ। ਯਿਸੂ ਨੇ ਆਖਿਆ, “ਇਹ ਮਨੁੱਖ ਦਾ ਪੁੱਤਰ ਉਹਨਾਂ ਨੂੰ ਭਾਲਣ ਅਤੇ ਬਚਾਉਣ ਆਇਆ ਹੈ ਜਿਹੜੇ ਗਵਾਚੇ ਹਨ।” ਉਸ ਦਿਨ ਯਰੀਹੋ ਵਿੱਚ ਯਿਸੂ ਨੇ ਯੱਕੀ ਨੂੰ ਲੱਭਿਆ।



12

ਯਿਸੂ ਅਤੇ ਯੱਕੀ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਲੂਕਾ ਦੀ ਇੰਜੀਲ 19

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜ਼ੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।